Downloaded From : http://cbseportal.com/

This Question Paper consists of 14 questions 8 printed pages.
ਇਸ ਪ੍ਰਸ਼ਨ ਪੱਤਰ ਵਿਚ 14 ਸੁਆਲ ਹਨ ਅਤੇ 8 ਛੱਪੇ ਹੋਏ ਪੰਨੇ ਹਨ।

Roll No.
ਰੋਲ ਨੰਬਰ

**Code No. 59/S/O/P**
ਕੋਡ ਨੰ.

**Set /** ਸੈਟ **A**

# PUNJABI
# (ਪੰਜਾਬੀ)
# (210)

Day and Date of Examination
(ਪਰਿਖਿਆ ਦਾ ਦਿਨ ਅਤੇ ਮਿਤੀ) ..........................................................................

Signature of Invigilators
(ਨਿਰੀਖਕਾਂ ਦੇ ਦਸਖ਼ਤ)
1. ..........................................................................
2. ..........................................................................

**ਆਮ ਹਿਦਾਇਤਾਂ :**

1. ਪਰੀਖਿਆਰਥੀ ਪ੍ਰਸ਼ਨ ਪੱਤਰ ਦੇ ਮੁਖ ਪੰਨੇ ਤੇ ਆਪਣੇ ਰੋਲ ਨੰਬਰ ਜ਼ਰੂਰ ਲਿਖਣ।

2. ਕ੍ਰਿਪਾਕਰਕੇ ਪ੍ਰਸ਼ਨ ਪੱਤਰ ਵੇਖ ਲਵੋ ਕਿ ਪ੍ਰਸ਼ਨ ਪੱਤਰ ਦੇ ਕੁਲ ਪੰਨੇ ਅਤੇ ਕੁਲ ਸੁਆਲ ਉਹੋ ਹੀ ਹਨ ਜਿਹੜੇ ਕਿ ਮੁਖ ਪੰਨੇ ਦੇ ਸਭ ਤੋਂ ਉਪਰ ਲਿਖੇ ਗਏ ਹਨ। ਇਹ ਭੀ ਦੇਖ ਲਵੋ ਕਿ ਸੁਆਲ ਸਾਰੇ ਕ੍ਰਮਵਾਰ ਲਿਖੇ ਹੋਏ ਹਨ।

3. ਵਸਤੂਨਿਸ਼ਠ ਸੁਆਲਾਂ ਵਿਚ ਆਪਣੇ ਪ੍ਰਸ਼ਨ ਪੱਤਰ ਵਿਚ ਦਿਤੇ ਵਿਕਲਪਾਂ (A), (B), (C) ਅਤੇ (D) ਵਿਚੋਂ ਕੋਈ ਇਕ ਚੁਣਨਾ ਹੈ ਅਤੇ ਠੀਕ ਜੁਆਬ ਨੂੰ ਆਪਣੀ ਉੱਤਰ ਕਾਪੀ ਵਿਚ ਲਿਖਣਾ ਹੈ। ਬਹੁ ਵਿਕਲਪੀ ਸੁਆਲਾਂ ਲਈ ਕੋਈ ਫਾਲਤੂ ਸਮਾਂ ਨਹੀਂ ਮਿਲੇਗਾ।

4. ਉੱਤਰ ਕਾਪੀ ਵਿਚ ਕੋਈ ਪਛਾਣ ਚਿੰਨ ਬਨਾਉਣਾ ਜਾਂ ਆਪਣਾ ਰੋਲ ਨੰਬਰ ਨਿਰਧਾਰਿਤ ਥਾਂ ਦੀ ਜਗ੍ਹਾ ਕਿਧਰੇ ਹੋਰ ਲਿਖਣਾ ਪਰੀਖਿਆਰਥੀ ਦੀ ਪਾਤਰਤਾ ਨੂੰ ਰਦ ਕਰਨ ਤਕ ਲੈ ਜਾਵੈਗਾ।

5. ਆਪਣੇ ਪ੍ਰਸ਼ਨ ਪੱਤਰ ਦਾ ਕੋਡ ਨੰ. 59/S/O/P ਸੈਟ A ਉੱਤਰ ਕਾਪੀ ਦਿਵ ਲਿਖੋ।



Downloaded From : http://cbseportal.com/ Courtesy : NIOS

Downloaded From : http://cbseportal.com/

# PUNJABI
## (ਪੰਜਾਬੀ)
## (210)

ਸਮਾਂ : 3 ਘੰਟੇ ] [ ਕੁਲ ਅੰਕ : 100

**ਨੋਟ :** (i) ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ।

(ii) ਸਾਰੇ ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹ ਕੇ ਉਨ੍ਹਾਂ ਦੇ ਉੱਤਰ ਲਿਖੋ।

**1.** ਹੇਠ ਲਿਖੇ ਪੈਰੇ ਨੂੰ ਪੜ੍ਹੋ ਤੇ ਉਸ ਸੰਬੰਧੀ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : 2×4=8

ਪ੍ਰਦੂਸ਼ਣ ਭਾਵੇਂ ਕੋਈ ਵੀ ਹੋਵੇ, ਮੱਨੁਖੀ ਸਿਹਤ ਲਈ ਖ਼ਤਰਨਾਕ ਹੀ ਸਾਬਤ ਹੁੰਦਾ ਹੈ। ਇਸੇ ਤਰ੍ਹਾਂ ਸ਼ੋਰ ਪ੍ਰਦੂਸ਼ਣ ਵੀ ਬਹੁਤ ਸਾਰੀਆਂ ਦਿਮਾਗੀ ਬੀਮਾਰੀਆਂ ਨੂੰ ਸੱਦਾ ਦੇ ਰਿਹਾ ਹੈ। ਪਿੰਡਾਂ ਵਿੱਚ ਉੱਚੀ ਆਵਾਜ਼ ਵਿੱਚ ਵੱਜਦੇ ਸਪੀਕਰ, ਕਾਰਾਂ, ਬੱਸਾਂ, ਮੋਟਰਸਾਈਕਲਾਂ ਦੇ ਹਾਰਨਾਂ ਦੀ ਆਵਾਜ਼, ਜਨਰੇਟਰ ਦਾ ਸ਼ੋਰ ਵਰਗੇ ਅਨੇਕਾਂ ਹੀ ਹੋਰ ਅਜਿਹੇ ਹੋਰ ਉਪਕਰਨ ਹਨ ਜਿਨ੍ਹਾਂ ਨੇ ਲੋਕਾਂ ਦਾ ਜਿਊਣਾ ਮੁਹਾਲ ਕੀਤਾ ਹੋਇਆ ਹੈ। ਮਨੁੱਖੀ ਸੁਭਾਅ ਵਿੱਚ ਚਿੜਚਿੜਾਪਨ ਆਉਣ ਲਈ ਮੁੱਖ ਦੋਸ਼ੀ ਸ਼ੋਰ ਪ੍ਰਦੂਸ਼ਣ ਹੀ ਹੈ। ਇਸ ਲਈ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਲਈ ਅਗਰ ਅਸੀਂ ਸਾਰੇ ਜਣੇ ਸਮਝਦਾਰੀ ਤੋਂ ਕੰਮ ਲਈਏ ਤਾਂ ਇਸ ਦੇ ਦੁਸ਼ਪ੍ਰਭਾਵਾਂ ਤੋਂ ਬਚ ਸਕਦੇ ਹਾਂ।

ਅੱਜ ਸਾਨੂੰ ਜ਼ਰੂਰਤ ਹੈ ਕਿ ਅਸੀਂ ਆਪਣੇ ਬੱਚਿਆਂ ਦੀ ਖਾਤਰ ਹੀ ਵਾਤਾਵਰਨ ਦੀ ਸੰਭਾਲ ਜ਼ਰੂਰ ਕਰੀਏ। ਇਸ ਕੰਮ ਨੂੰ ਸ਼ੁਰੂ ਕਰਨ ਲਈ ਨੌਜਵਾਨ ਵਰਗ ਨੂੰ ਹੀ ਅੱਗੇ ਆਉਣਾ ਚਾਹੀਦਾ ਹੈ। ਆਪਣੇ ਪਿੰਡਾਂ ਤੋਂ ਸ਼ੁਰੂ ਹੋ ਕੇ ਆਪਣੇ ਦੇਸ਼ ਨੂੰ ਬਚਾਉਣ ਦੀ ਜ਼ਰੂਰਤ ਹੈ। ਸ਼ਹਿਰਾਂ ਵਿੱਚੋਂ ਆ ਰਹੇ ਗੰਦੇ ਪਾਣੀ ਨੇ ਹਰੀਕੇ ਪਤਨ ਵਿੱਚ ਰਹਿੰਦੇ ਪਰਵਾਸੀ ਪੰਛੀਆਂ ਅਤੇ ਮੱਛੀਆਂ ਨੂੰ ਮਾਰ ਦਿੱਤਾ ਹੈ ਅਤੇ ਉਹਨਾਂ ਦਾ ਜਿਊਣਾ ਮੁਸ਼ਕਿਲ ਕਰ ਦਿੱਤਾ ਹੈ। ਸਰਕਾਰ ਨੂੰ ਵੀ ਗੱਲਾਂ ਤੱਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ ਤੇ ਵਾਤਾਵਰਨ ਅਤੇ ਪਾਣੀ ਨੂੰ ਦੂਸ਼ਿਤ ਹੋਣ ਤੋਂ ਬਚਾਉਣਾ ਚਾਹੀਦਾ ਹੈ।

**ਪ੍ਰਸ਼ਨ** :

*(i)* ਸ਼ੋਰ ਪ੍ਰਦੂਸ਼ਣ ਕਿਨ੍ਹਾਂ ਕਰਕੇ ਫੈਲਦਾ ਹੈ?

*(ii)* ਸ਼ੋਰ ਪ੍ਰਦੂਸ਼ਣ ਦੇ ਦੁਸ਼ਪ੍ਰਭਾਵ ਕਿਹੜੇ ਹਨ?

*(iii)* ਪ੍ਰਦੂਸ਼ਣ ਦਾ ਸਾਡੇ ਵਾਤਾਵਰਨ ਤੇ ਕੀ ਪ੍ਰਭਾਵ ਪੈਂਦਾ ਹੈ?

*(iv)* ਆਪਣੇ ਵਾਤਾਵਰਨ ਨੂੰ ਕਿਵੇਂ ਅਤੇ ਕੌਣ ਸਾਫ਼ ਰੱਖ ਸਕਦਾ ਹੈ?



Downloaded From : http://cbseportal.com/ Courtesy : NIOS

Downloaded From : http://cbseportal.com/

**2.** ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ : 1×15=15

*(i)* ਗੁਰਮੁਖੀ ਲਿਪੀ ਵਿੱਚ ਕਿਹੜਾ ਅੱਖਰ ਪੈਰ ਵਿੱਚ ਵੀ ਵਰਤਿਆ ਜਾਂਦਾ ਹੈ?

(A) ਲ (B) ਕ

(C) ਵ (D) ਸ਼

*(ii)* ਹੇਠ ਲਿਖਿਆਂ ਵਿੱਚੋਂ ਕਿਹੜਾ ਲਗਾਖ਼ਰ ਨਹੀਂ ਹੈ?

(A) ਅੱਧਕ (B) ਦੁੱਤ ਅੱਖਰ

(C) ਟਿੱਪੀ (D) ਬਿੰਦੀ

*(iii)* ਗੁਰਮੁਖੀ ਲਿਪੀ ਵਿੱਚ ਕਿੰਨੀਆਂ ਲਗਾਂ ਹਨ?

(A) ਸੱਤ (B) ਅੱਠ

(C) ਨੌਂ (D) ਦਸ

*(iv)* ਸ਼ੁੱਧ ਸ਼ਬਦ ਦੀ ਚੋਣ ਕਰੋ :

(A) ਜ਼ਹਿਰ (B) ਜ਼ੈਹਰ

(C) ਜੇਹਰ (D) ਜ਼ਿਹਰ

*(v)* ਕਿਹੜਾ ਸ਼ਬਦ ਪੁਲਿੰਗ ਹੈ :

(A) ਮਸ਼ੀਨ (B) ਮੌਤ

(C) ਕਲਮ (D) ਦੁੱਧ

*(vi)* 'ਝੀਲ' ਦਾ ਬਹੁਵਚਨ 'ਝੀਲਾਂ' ਬਣਦਾ ਹੈ ਪਰ ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ 'ਾਂ' ਨਾਲ ਬਹੁਵਚਨ ਨਹੀਂ ਬਣਦਾ :

(A) ਹਵਾ (B) ਕਿਤਾਬ

(C) ਹੱਥ (D) ਪੈੱਨ

*(vii)* 'ਮੈਂ <u>ਦਿੱਲੀ</u> ਵਿੱਚ ਰਹਿੰਦੀ ਹਾਂ' ਵਾਕ ਵਿੱਚ ਲਕੀਰੇ ਸ਼ਬਦ ਦਾ ਨਾਂਵ ਦੱਸੋ :

(A) ਆਮ ਨਾਂਵ (B) ਖਾਸ ਨਾਂਵ

(C) ਵਸਤੂਵਾਚਕ ਨਾਂਵ (D) ਭਾਵਵਾਚਕ ਨਾਂਵ



Downloaded From : http://cbseportal.com/ Courtesy : NIOS

Downloaded From : http://cbseportal.com/

*(viii)* ਕਾਰਕ ਕਿੰਨੀ ਪ੍ਰਕਾਰ ਦੇ ਹੁੰਦੇ ਹਨ?

(A) ਦੋ
(B) ਚਾਰ
(C) ਛੇ
(D) ਅੱਠ

*(ix)* ''ਅੱਜ ਕੌਣ ਆਇਆ ਹੈ?'' ਵਾਕ ਵਿੱਚ ਪ੍ਰਸ਼ਨਵਾਚਕ ਪੜਨਾਂਵ ਕਿਹੜਾ ਹੈ?

(A) ਅੱਜ
(B) ਕੌਣ
(C) ਆਇਆ
(D) ਹੈ

*(x)* 'ਉਹ ਚਿੱਟਾ ਫੁੱਲ ਹੈ' ਵਾਕ ਵਿੱਚ ਵਿਸ਼ੇਸ਼ਣ ਕਿਹੜਾ ਸ਼ਬਦ ਹੈ?

(A) ਫੁੱਲ
(B) ਉਹ
(C) ਚਿੱਟਾ
(D) ਹੈ

*(xi)* ਕਿਰਿਆ ਕਿੰਨੇ ਪ੍ਰਕਾਰ ਦੀ ਹੁੰਦੀ ਹੈ?

(A) ਦੋ
(B) ਤਿੰਨ
(C) ਚਾਰ
(D) ਪੰਜ

*(xii)* ਸਮਾਸੀ ਸ਼ਬਦ ਲਿਖਣ ਸਮੇਂ ਕਿਹੜੇ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ?

(A) ਵਿਸਮਿਕ
(B) ਡੈਸ਼
(C) ਜੋੜਨੀ
(D) ਦੁਬਿੰਦੀ ਡੈਸ਼

*(xiii)* 'ਅਣ' ਅਗੇਤਰ ਲਾ ਕੇ ਬਣਿਆ ਕਿਹੜਾ ਸ਼ਬਦ ਸਹੀ ਨਹੀਂ ਹੈ?

(A) ਅਣਕਹੀ
(B) ਅਣਥੱਕ
(C) ਅਣਵਿਆਹੀ
(D) ਅਣਮਾਣ

*(xiv)* 'ਸਰਲ' ਸ਼ਬਦ ਦਾ ਵਿਰੋਧੀ ਸ਼ਬਦ ਹੈ –

(A) ਸ਼ਾਂਤੀ
(B) ਜਟਿਲ
(C) ਸੁਖਾਲਾ
(D) ਕਹਿਰ

*(xv)* 'ਨੌਕਰ' ਦਾ ਸਮਾਨਾਰਥਕ ਸ਼ਬਦ ਨਹੀਂ ਹੈ –

(A) ਧਨਾਢ
(B) ਚਾਕਰ
(C) ਸੇਵਕ
(D) ਦਾਸ



Downloaded From : http://cbseportal.com/ Courtesy : NIOS

Downloaded From : http://cbseportal.com/

**3.** ਹੇਠ ਲਿਖੇ ਅਖਾਣਾਂ ਅਤੇ ਮੁਹਾਵਰਿਆਂ ਨੂੰ ਪੂਰਾ ਕਰੋ : 1×5=5

*(i)* ਅੰਤ ਭਲੇ ਦਾ ________।

*(ii)* ਕਰੇ ਕੋਈ ________ ________।

*(iii)* ਗਲ ਪਿਆ ਢੋਲ ________ ________ ________।

*(iv)* ਸਾਹ ਵਿੱਚ ________ ________।

*(v)* ਹੱਥ ਪੈਰ ________।

**4.** ਹੇਠ ਲਿਖੇ ਬਹੁਅਰਥਕ ਸ਼ਬਦਾਂ ਤੋਂ ਘੱਟੋਂ-ਘੱਟ ਅਜਿਹੇ ਦੋ ਵਾਕ ਬਣਾਓ ਕਿ ਇੱਕ ਤੋਂ ਵੱਧ ਅਰਥ ਸਪਸ਼ਟ ਹੋ ਜਾਣ: 2

ਸੰਗ, ਅੰਗ

**5.** ਹੇਠ ਲਿਖੀ ਵਾਰਤਾ ਨੂੰ ਵਿਸਰਾਮ ਚਿੰਨ੍ਹ ਲਗਾਓ : 3

ਟਾਂਗੇ ਵਾਲੇ ਨੇ ਪੁੱਛਿਆ ਕਿੱਥੇ ਜਾਣਾ ਹੈ ਸਰਦਾਰ ਸਾਹਿਬ
ਲਾਰੰਸ ਬਾਗ ਟਾਂਗਾ ਟੁਰ ਗਿਆ
ਮੈਂ ਲਾਰੰਸ ਬਾਗ ਨਹੀਂ ਜਾਣਾ ਮੈਨੂੰ ਉਤਾਰ ਦਿਓ ਮੈਂ ਠਰ੍ਹੰਮੇ ਨਾਲ ਕਿਹਾ

**6.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗਪਗ 250 ਸ਼ਬਦਾਂ ਦਾ ਭਾਵਪੂਰਤ ਲੇਖ ਲਿਖੋ: 10

*(i)* ਮਹਿੰਗਾਈ ਦੀ ਸੱਮਸਿਆ

*(ii)* ਸਮੇਂ ਦਾ ਮਹੱਤਵ

*(iii)* ਪੁਸਤਕਾਂ ਸੱਭ ਤੋਂ ਚੰਗਾ ਸਾਥੀ

*(iv)* ਸਿਹਤ ਦੀ ਸੰਭਾਲ

**7.** ਤੁਹਾਡੇ ਘਰ ਦੇ ਆਲੇ-ਦੁਆਲੇ ਸਫ਼ਾਈ ਦਾ ਤੱਸਲੀ-ਬਖ਼ਸ਼ ਇੰਤਜ਼ਾਮ ਨਹੀਂ ਅਤੇ ਬੀਮਾਰੀ ਫੈਲਣ ਦਾ ਡਰ ਹੈ। ਆਪਣੇ ਇਲਾਕੇ ਦੇ ਹੈਲਥ ਅਫਸਰ ਨੂੰ ਇੱਕ ਬਿਨੈ ਪੱਤਰ ਰਾਹੀਂ ਇਸ ਗੰਭੀਰ ਦਸ਼ਾ ਤੋਂ ਜਾਣੂ ਕਰਾਓ ਤੇ ਯੋਗ ਉਪਾਅ ਲਈ ਬੇਨਤੀ ਕਰੋ। 7

ਜਾਂ

ਤੁਹਾਡਾ ਛੋਟਾ ਭਰਾ ਪੜ੍ਹਾਈ ਤੋਂ ਅਵੇਸਲਾ ਹੋ ਗਿਆ ਹੈ, ਉਸਨੂੰ ਪੱਤਰ ਲਿਖ ਕੇ ਸਮਝਾਓ ਕਿ ਪੜ੍ਹਾਈ ਦੀ ਕਿੰਨੀ ਮਹੱਤਤਾ ਹੈ।



Downloaded From : http://cbseportal.com/ Courtesy : NIOS

Downloaded From : http://cbseportal.com/

**8.** 'ਸਭ ਕੋ ਨਿਵੈ ਆਪ ਕਉ ਪਰ ਕਿਉ ਨਿਵੈ ਨਾ ਕੋਇ।।
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ।।
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਇ।।
ਸੀਸ ਨਿਵਾਇਐ ਕਿਆ ਥੀਐ ਜਾ ਰਿਦੇ ਕੁਸੁਧੇ ਜਾਇ।।

ਗੁਰੂ ਨਾਨਕ ਦੇਵ ਜੀ ਇਨ੍ਹਾਂ ਪੰਗਤੀਆਂ ਦੁਆਰਾ ਮਨੁੱਖੀ ਜੀਵਨ ਲਈ ਕੀ ਸੰਦੇਸ਼ ਦੇ ਰਹੇ ਹਨ? ਉੱਤਰ 100 –125 ਸ਼ਬਦਾਂ ਵਿੱਚ ਲਿਖੋ। 5

ਜਾਂ

'ਰਹੀ ਵਾਸਤੇ ਘੱਤ, 'ਸਮੇਂ' ਨੇ ਇੱਕ ਨਾ ਮੰਨੀ।
ਫੜ–ਫੜ ਰਹੀ ਧਰੀਕ, 'ਸਮੇਂ' ਖਿਸਕਾਈ ਕੰਨੀ।
ਕਿਵੇਂ ਨਾ ਸੱਕੀ ਰੋਕ, ਅਟਕ ਜੋ ਪਾਈ ਭੰਨੀ।
ਤ੍ਰਿਖੇ ਆਪਣੇ ਵੇਗ, ਗਿਆ ਟੱਪ ਬੰਨੇ ਬੰਨੀ।
ਹੋ! ਅਜੇ ਸੰਭਾਲ ਇਸ ਸਮੇਂ ਨੂੰ,
ਕਰ ਸਫ਼ਲ ਉਡੰਦਾ ਜਾਂਵਦਾ।
ਇਹ ਠਹਿਰਣ ਜਾਚ ਨਾ ਜਾਚਦਾ।
ਲੰਘ ਗਿਆ ਨ ਮੁੜ ਕੇ ਆਵੰਦਾ।'

ਉਪਰੋਕਤ ਪੰਗਤੀਆਂ ਵਿੱਚ ਕਵੀ ਭਾਈ ਵੀਰ ਸਿੰਘ ਨੇ ਮਨੁੱਖ ਨੂੰ ਕੀ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ? ਉੱਤਰ 100 –125 ਸ਼ਬਦਾਂ ਵਿੱਚ ਲਿਖੋ।

**9.** 'ਉਸਨੂੰ ਸਾਨੂੰ ਜ਼ਮੀਨ ਦੇਣੀ ਪਏਗੀ, ਕੰਮ ਦੇਣਾ ਪਏਗਾ...' ਇਸ ਵਾਕ ਤੋਂ ਲੇਖਕ ਨੇ ਰਿਕਸ਼ੇ ਵਾਲੇ ਦੀਆਂ ਅੱਖਾਂ ਵਿੱਚ ਕੀ ਦੇਖਿਆ? ਆਪਣੇ ਉੱਤਰ ਦੀ ਪੁਸ਼ਟੀ 'ਸਵਰਗ ਦੀ ਝਲਕ' ਕਹਾਣੀ ਅਨੁਸਾਰ 100 –125 ਸ਼ਬਦਾਂ ਵਿੱਚ ਲਿਖੋ। 5

**10.** ਇਕਾਂਗੀ 'ਬੇਈਮਾਨ' ਦਾ ਸਿਰਲੇਖ 'ਬੇ–ਈਮਾਨ' ਕਿੰਨਾ 'ਕੁ ਢੁਕਵਾਂ ਹੈ? 100 –125 ਸ਼ਬਦਾਂ ਵਿੱਚ ਸਪਸ਼ਟ ਕਰੋ। 5

**11.** 'ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ।' ਇਸ ਵਾਕ ਰਾਹੀਂ ਪ੍ਰਿ. ਤੇਜਾ ਸਿੰਘ ਕੀ ਕਹਿਣਾ ਚਾਹੁੰਦੇ ਹਨ? ਉੱਤਰ 100 –125 ਸ਼ਬਦਾਂ ਵਿੱਚ ਲਿਖੋ। 5



Downloaded From : http://cbseportal.com/ Courtesy : NIOS

Downloaded From : http://cbseportal.com/

**12.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ। ਹਰ ਇੱਕ ਸਹੀ ਉੱਤਰ ਦਾ ਇੱਕ ਅੰਕ ਹੈ: 1×12=12

*(i)* ਬਾਬਾ ਫਰੀਦ ਜੀ ਬੁੱਧੀਮਾਨ ਮਨੁੱਖ ਨੂੰ ਕੀ ਕਰਨ ਤੋਂ ਵਰਜਦੇ ਹਨ?

*(ii)* 'ਜੰਗ ਸਿੰਘਾਂ ਤੇ ਫਿਰੰਗੀਆਂ' ਕਵਿਤਾ ਵਿੱਚ 'ਜੰਗ ਹਿੰਦ ਪੰਜਾਬ' ਤੋਂ ਕੀ ਭਾਵ ਹੈ?

*(iii)* ਸ਼ਿਵਕੁਮਾਰ ਬਟਾਲਵੀ ਕਿਸ ਜੂਨ ਵਿੱਚ ਆਉਣਾ ਚਾਹੁੰਦਾ ਹੈ?

*(iv)* 'ਸਵਰਗ ਦੀ ਝਲਕ' ਕਹਾਣੀ ਵਿੱਚ 'ਮੈਂ ਪਾਤਰ' ਨੇ ਤਰਸ ਖਾ ਕੇ ਕਿਸਨੂੰ ਪੈਸੇ ਦੇਣੇ ਚਾਹੇ?

*(v)* 'ਸਾਂਝ' ਕਹਾਣੀ ਵਿੱਚ ਕਿਸਦੀ ਮੌਤ ਹੋਈ ਸੀ?

*(vi)* ਅੱਜ ਦੇ ਯੁੱਗ ਵਿੱਚ ਸਮਾਜ ਵਿੱਚ ਸੱਭ ਤੋਂ ਸਸਤੀ ਚੀਜ਼ ਕਿਹੜੀ ਹੈ? 'ਮਲੰਗ' ਕਹਾਣੀ ਅਨੁਸਾਰ ਦੱਸੋ।

*(vii)* ਪ੍ਰਿ. ਤੇਜਾ ਸਿੰਘ ਅਨੁਸਾਰ ਜਿਸਨੂੰ ਘਰ ਦਾ ਪਿਆਰ ਨਹੀਂ ਮਿਲਦਾ, ਉਹਨਾਂ ਦਾ ਸੁਭਾਅ ਕਿਹੋ ਜਿਹਾ ਹੁੰਦਾ ਹੈ?

*(viii)* ਗੁਰਬਖਸ਼ ਸਿੰਘ ਪ੍ਰੀਤਲੜੀ ਅਨੁਸਾਰ ਸੱਭ ਤੋਂ ਸੁਹਣੀ ਇਮਾਰਤ ਕਿਹੜੀ ਹੈ?

*(ix)* ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਾਲਾਨਾ ਆਮਦਨ ਕਿੰਨੀ ਸੀ?

*(x)* ਭਗਤ ਸਿੰਘ ਬਚਪਨ ਵਿੱਚ ਕਿਸ ਚੀਜ਼ ਨੂੰ ਬੀਜ ਰਿਹਾ ਸੀ?

*(xi)* ਲੇਡੀ ਡਾਕਟਰ ਪਾਲੀ ਦੀ ਤਨਖਾਹ ਕਿੰਨੀ ਸੀ?

*(xii)* ਨੰਦੂ ਜਦੋਂ ਪਿੰਡੋਂ ਸ਼ਹਿਰ ਆਇਆ ਉਦੋਂ ਉਸਦੀ ਉਮਰ ਕਿੰਨੇ ਕੁ ਸਾਲਾਂ ਦੀ ਸੀ?

**13.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30–40 ਸ਼ਬਦਾਂ ਵਿੱਚ ਲਿਖੋ: 2×6=12

*(i)* 'ਨਿੱਕੇ ਵੱਡੇ ਡਰ' ਕਵਿਤਾ ਵਿੱਚ ਪਿਉ, ਧੀਆਂ ਨੂੰ ਕੀ ਕਹਿਣਾ ਚਾਹੁੰਦਾ ਹੈ?

*(ii)* ਸੁਰਜੀਤ ਪਾਤਰ ਅਨੁਸਾਰ ਮਿਰਚਾਂ ਦੀ ਪਹਿਲੀ ਫਸਲ ਲੱਗਣ ਦਾ ਕੀ ਕਾਰਨ ਸੀ?

*(iii)* 'ਮਲੰਗ' ਕਹਾਣੀ ਵਿੱਚ ਸਵਾਰੀਆਂ ਦੀਆਂ ਗੱਲਾਂ ਦਾ ਡਰਾਈਵਰਾਂ ਉੱਤੇ ਕੀ ਅਸਰ ਹੋਇਆ?



Downloaded From : http://cbseportal.com/ Courtesy : NIOS

Downloaded From : http://cbseportal.com/

*(iv)* ਜਦੋਂ ਹਜ਼ਰਤ ਮੁਹੰਮਦ ਸਾਹਿਬ ਨੂੰ ਰੱਬ ਵੱਲੋਂ ਬਾਣੀ ਉਤਰਦੀ ਸੀ ਤਾਂ ਥੱਕ ਕੇ ਨਿਸੱਲ ਹੋ ਜਾਂਦੇ ਸਨ। ਉਸ ਸਮੇਂ ਉਨ੍ਹਾਂ ਨੂੰ ਅਰਾਮ ਦੇਣ ਲਈ ਕੌਣ ਅਤੇ ਕਿਵੇਂ ਸਹਾਇਤਾ ਕਰਦਾ ਸੀ?

*(v)* ਮਹਾਰਾਜਾ ਰਣਜੀਤ ਸਿੰਘ ਦੀ ਨਜ਼ਰ ਵਿੱਚ ਲੋਕ-ਬਰਾਬਰੀ ਤੋਂ ਕੀ ਭਾਵ ਸੀ?

*(vi)* ਜਲ੍ਹਿਆਂਵਾਲੇ ਬਾਗ ਦੀ ਘਟਨਾ ਦਾ ਭਗਤ ਸਿੰਘ ਤੇ ਕੀ ਅਸਰ ਹੋਇਆ?

**14.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਪਗ 50 ਸ਼ਬਦਾਂ ਵਿੱਚ ਲਿਖੋ: 2×3=6

*(i)* ਸ਼ਿਵਕੁਮਾਰ ਬਟਾਲਵੀ ਨੂੰ ਰੁੱਖ ਕਿਹੋ ਜਿਹੇ ਲਗਦੇ ਹਨ?

*(ii)* ਕੰਡੱਕਟਰ ਜੀਤ ਨੇ ਉਦਾਸ ਹੋ ਕੇ ਡਾਕਟਰ ਪਾਲੀ ਨੂੰ ਆਪਣੇ ਜੀਵਨ ਦਾ ਕਿਹੜਾ ਸੱਚ ਦੱਸਿਆ?

★ ★ ★



Downloaded From : http://cbseportal.com/ Courtesy : NIOS